ਵਿਸ਼ਾ: 16.09.2019 ਨੂੰ ਯੂਨੀਵਰਸਿਟੀ ਯੁਵਕ ਭਲਾਈ ਸਲਾਹਕਾਰ ਕਮੇਟੀ ਦੀ ਹੋਈ ਇੱਕਤਰਤਾ ਦੀ ਕਾਰਵਾਈ

ਮਿਤੀ 16.09.2019 ਨੂੰ ਯੂਨੀਵਰਸਿਟੀ ਯੁਵਕ ਭਲਾਈ ਸਲਾਹਕਾਰ ਕਮੇਟੀ ਦੀ ਇੱਕਤਰਤਾ ਮਾਨਯੋਗ ਡੀਨ, ਵਿਦਿਆਰਥੀ ਭਲਾਈ ਜੀ ਦੀ ਪ੍ਰਧਾਨਗੀ ਹੇਠ ਦੁਪਹਿਰ 2.30 ਵਜੇ ਮੀਟਿੰਗ ਰੂਮ 'ਚ ਹੋਈ ਇਕੱਤਰਤਾ ਵਿਚ ਹੇਠ ਲਿਖਤ ਮੈਂਬਰ ਹਾਜ਼ਰ ਹੋਏ:

1. ਡੀਨ ਵਿਦਿਆਰਥੀ ਭਲਾਈ ।
2. ਪ੍ਰਿੰਸੀਪਲ, ਬੀਬੀਕੇ ਡੀਏਵੀ ਕਾਲਜ਼, ਅੰਮ੍ਰਿਤਸਰ।
3. ਪ੍ਰਿੰਸੀਪਲ, ਖਾਲਸਾ ਕਾਲਜ਼, ਚੋਹਲਾ ਸਾਹਿਬ।
4. ਪ੍ਰਿੰਸੀਪਲ, ਲਾਇਲਪੁਰ ਖਾਲਸਾ ਕਾਲਜ, ਜਲੰਧਰ।
5. ਪ੍ਰਿੰਸੀਪਲ, ਡੀਏਵੀ ਕਾਲਜ਼, ਜਲੰਧਰ।
6. ਨੁੰਮਾਇਦਾ, ਖਾਲਸਾ ਕਾਲਜ, ਅੰਮ੍ਰਿਤਸਰ।
7. ਡੀਨ, ਸਭਿਆਚਾਰਕ ਮਾਮਲੇ, ਬੀਬੀਕੇ ਡੀਏਵੀ ਕਾਲਜ਼ ਅੰਮ੍ਰਿਤਸਰ।
8. ਡਾ (ਪ੍ਰੋਫੈਸਰ) ਮਨਦੀਪ ਕੌਰ, USFS, ਗੁ.ਨਾ.ਦੇ.ਯੂਨੀ.
9. ਡਾ (ਪ੍ਰੋਫੈਸਰ) ਅਮਨਦੀਪ ਸਿੰਘ, ਫਿਜ਼ੀਕਲ ਐਜੂਕੇਸ਼ਨ ਵਿਭਾਗ, ਗੁ.ਨਾ.ਦੇ.ਯੂਨੀ.
10. ਸ. ਬਲਜੀਤ ਸਿੰਘ ਸੇਖੋਂ, ਸਾਬਕਾ ਡਾਇਰੈਕਟਰ, ਯੁਵਕ ਭਲਾਈ, ਗੁ.ਨਾ.ਦੇ.ਯੂਨੀ।

ਇਕੱਤਰਤਾ ਦੀ ਕਾਰਵਾਈ ਸ਼ੁਰੂ ਹੋਣ ਤੋਂ ਪਹਿਲਾਂ ਡੀਨ, ਵਿਦਿਆਰਥੀ ਭਲਾਈ ਨੇ ਇਕੱਤਰਤਾ ਵਿਚ ਹਾਜ਼ਰ ਮੈਂਬਰਾਂ ਨੂੰ "ਜੀ ਆਇਆਂ" ਕਿਹਾ।ਇਕੱਤਰਤਾ ਦੀ ਕਾਰਵਾਈ ਸ਼ੁਰੂ ਕਰਨ ਉਪਰੰਤ ਯੂਨੀਵਰਸਿਟੀ ਦੇ ਯੂਥ ਫੈਸਟੀਵਲਾਂ ਦੇ ਆਯੋਜਨ ਅਤੇ ਨਿਯਮਾਂ ਸਬੰਧੀ ਵਿਚਾਰ ਕਰਨ ਉਪਰੰਤ ਸਾਲ 2019-20 ਲਈ ਹੇਠ ਦਿਤੇ ਸ਼ਡਿਊਲ ਅਨੁਸਾਰ ਆਯੋਜਿਤ ਕਰਨ ਦਾ ਫੈਸਲਾ ਲਿਆ ਗਿਆ।

| Sr. No. | Name of the Zone (Youth Festival) | Date of the Festival | Venue |
|---|---|---|---|
| 1 | B-Zone (Gsp, pkt. T.T.) | 03-06 October, 2019 | SGAD College, Khadoor Sahib |
| 2 | D-Zone (Kpt. N.Sh.) | 09-11 October, 2019 | SBDSM College, Domeli |
| 3 | Govt. /Associate /Constitute Colleges | 14-16 October, 2019 | GND University College, Pathankot |
| 4 | Educational Colleges | 22-24 October, 2019 | Lyallpur Khalsa College of Edu. For Women, Jalandhar |
| 5 | C-Zone (Jalandhar) | 30 October - 02 November, 2019 | DAV College, Jalandhar |
| 6 | A-Zone (Amritsar) | 03-06 November, 2019 | SDSPM College, Rayya |
| 7 | Inter Zonal Youth Festival | 16-19 November, 2019 | Lyallpur Khalsa Collge, Jalandhar |

ਫੈਸਟੀਵਲਾਂ ਦਾ ਸ਼ਡਿਊਲ tentative ਹੈ ਅਤੇ ਲੋੜ ਅਨੁਸਾਰ ਇਸ ਵਿਚ ਤਬਦੀਲੀ ਕੀਤੀ ਜਾ ਸਕਦੀ ਹੈ।

1. ਸਰਬਸੰਮਤੀ ਨਾਲ ਉਪਰ ਲਿਖੇ ਵੱਖ-ਵੱਖ ਕਾਲਜਾਂ ਵਲੋਂ ਯੂਥ ਫੈਸਟੀਵਲ ਕਰਾਉਣ ਦਾ ਫੈਸਲਾ ਲਿਆ ਗਿਆ ਹੈ।ਯੂਥ ਫੈਸਟੀਵਲ ਕਰਾਉਣ ਵਾਸਤੇ ਹਰੇਕ ਮੇਜ਼ਬਾਨ ਕਾਲਜ ਨੂੰ ਯੂਨੀਵਰਸਿਟੀ ਵਲੋਂ ਤਕਰੀਬਨ 5 ਲੱਖ ਰੁਪਏ ਦੀ ਰਾਸ਼ੀ ਦਿਤੇ ਜਾਣ ਦਾ ਫੈਸਲਾ ਲਿਆ ਗਿਆ।ਯੂਥ ਫੈਸਟੀਵਲ ਵਿਚ ਕੀਤੇ ਗਏ ਖਰਚੇ ਦਾ ਹਿਸਾਬ ਕਿਤਾਬ ਕਾਲਜ ਦੁਆਰਾ ਰੱਖਿਆ ਜਾਵੇਗਾ।ਯੂਥ ਫੈਸਟੀਵਲ ਕਰਾਉਣ ਤੋਂ ਬਾਅਦ Financial Year ਦੇ ਅੰਤ ਤੱਕ ਮੇਜਬਾਨ ਕਾਲਜ ਯੂਨੀਵਰਸਿਟੀ ਨੂੰ Utilization Certificate ਜਮ੍ਹਾ ਕਰਵਾ ਦੇਵੇਗਾ। ਇਸ ਸਬੰਧ ਵਿਚ ਮੇਜਬਾਨ ਕਾਲਜ ਫੈਸਟੀਵਲ ਕਰਾਉਣ ਦੀ ਸਹਿਮਤੀ ਅਤੇ ਗਰਾਂਟ ਲੈਣ ਲਈ ਯੂਨੀਵਰਸਿਟੀ ਨੂੰ ਬੇਨਤੀ ਕਰੇਗਾ।
2. ਹਰੇਕ ਜੋਨ ਦੇ ਯੂਥ ਫੈਸਟੀਵਲ ਵਿਚ ਹਿਸਾ ਲੈਣ ਵਾਲੇ ਕਾਲਜ, ਮੇਜਬਾਨ ਕਾਲਜ ਦੇ ਪ੍ਰਿੰਸੀਪਲ ਦੇ ਨਾਂ 2000/- ਰੁਪਏ ਦਾ ਡਿਮਾਂਡ ਡਰਾਫਟ ਸਮੇਤ ਐਂਟਰੀ ਫਾਰਮ ਜਮ੍ਹਾਂ ਕਰਾਉਣਗੇ।
3. ਯੂਥ ਫੈਸਟੀਵਲ ਕਰਾਉਣ ਵਾਲਾ ਕਾਲਜ ਸਬੰਧਤ ਜੋਨ ਦੀਆਂ ਵੱਖ ਵਖ ਐਂਟਰੀਆਂ ਪ੍ਰਾਪਤ ਕਰੇਗਾ ਅਤੇ ਬਕਾਇਦਾ ਹਿੱਸਾ ਲੈਣ ਵਾਲੇ ਕਾਲਜਾਂ ਸਬੰਧੀ ਵੇਰਵਾ ਰੱਖੇਗਾ। ਨਿਯਮਾਂ ਮੁਤਾਬਿਕ ਐਂਟਰੀ ਪ੍ਰਾਪਤ ਕਰਨ ਦੀ ਮਿਤੀ, ਆਈਟਮ ਵਾਪਸੀ ਦੀ ਮਿਤੀ ਆਦਿ ਨਿਸ਼ਚਤ ਕਰੇਗਾ। ਯੂਥ ਫੈਸਟੀਵਲ ਸਬੰਧੀ ਨਿਯਮ ਯੁਵਕ ਭਲਾਈ ਵਿਭਾਗ, ਗੁ.ਨਾ.ਦੇਵ.ਯੂਨੀ. ਦੀ ਨਿਯਮਾਵਲੀ ਸਭ ਕਾਲਜਾਂ ਤੇ ਲਾਗੂ ਹੋਵੇਗੀ।
4. ਲਾਟਸ/ਡਰਾਅ ਕੱਢਣ ਦੀ ਮਿਤੀ ਯੂਥ ਫੈਸਟੀਵਲ ਨਿਯਮਾਂ ਅਨੁਸਾਰ ਡਿਸਕਵਾਲੀਫਾਈ ਕਰਨ ਤੇ ਸੂਚਨਾ ਦੇਣ, ਆਦਿ ਅਤੇ ਏ ਅਤੇ ਬੀ ਡਿਵੀਜਨ ਦੀਆਂ overall ਜੇਤੂ ਕਾਲਜਾਂ ਨੂੰ ਦਿੱਤੀਆਂ ਜਾਣ ਵਾਲੀਆਂ ਟਰਾਫੀਆਂ ਬਨਾਉਣ ਦੀ ਜਿੰਮੇਵਾਰੀ ਮੇਜਬਾਨ ਕਾਲਜ ਦੀ ਹੋਵੇਗੀ।
5. ਜੱਜਾਂ ਦੀ ਨਿਯੁਕਤੀ ਯੂਨੀਵਰਸਿਟੀ ਵਲੋਂ ਕੀਤੀ ਜਾਵੇਗੀ ਅਤੇ ਜੱਜਾਂ ਦੀ ਲਿਸਟ ਮੇਜਬਾਨ ਕਾਲਜ ਨੂੰ ਭੇਜ ਦਿਤੀ ਜਾਵੇਗੀ ਤਾਂ ਜੋ ਮੇਜਬਾਨ ਕਾਲਜ ਜੱਜਾਂ ਨੂੰ ਲਿਆਉਣ, ਛੱਡਣ ਅਤੇ ਉਨ੍ਹਾਂ ਦੇ ਠਹਿਰਣ ਆਦਿ ਅਤੇ ਟੀ.ਏ./ਡੀ.ਏ. ਦਾ ਪ੍ਰਬੰਧ ਕਰ ਸਕਣ।
6. ਇਹ ਵੀ ਫੈਸਲਾ ਲਿਆ ਗਿਆ ਕਿ ਯੂਥ ਫੈਸਟੀਵਲਾਂ ਦੇ ਨਤੀਜੇ ਸੰਬੰਧਿਤ ਜੱਜ ਸਾਹਿਬਾਨ ਵਲੋਂ ਮੌਕੇ ‘ਤੇ ਹੀ ਘੋਸ਼ਿਤ ਕੀਤੇ ਜਾਣਗੇ।
7. ਪੋਜੀਸ਼ਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਯੂਨੀਵਰਸਿਟੀ ਵਲੋਂ ਦਿਤੇ ਜਾਣਗੇ।
8. ਜੱਜਾਂ ਦੁਆਰਾ ਦਿਤੀ ਗਈ ਜੱਜਮੈਂਟ ਦਾ ਰਿਕਾਰਡ ਮੇਜਬਾਨ ਕਾਲਜ ਆਪਣੇ ਕਾਲਜ ਵਿਚ ਰਖੇਗਾ ਅਤੇ ਉਸਦੀ ਇਕ ਕਾਪੀ ਡਾਕੂਮੈਂਟ ਵਜੋਂ ਫੈਸਟੀਵਲ ਤੋਂ ਤੁਰੰਤ ਬਾਅਦ ਯੁਵਕ ਭਲਾਈ ਵਿਭਾਗ, ਯੂਨੀਵਰਸਿਟੀ ਨੂੰ ਦੇਵੇਗਾ।
9. ਇੰਟਰ ਜੋਨਲ ਯੂਥ ਫੈਸਟੀਵਲ ਪਹਿਲੇ ਨੰਬਰ ਤੇ ਆਉਣ ਵਾਲੀਆਂ ਟੀਮਾਂ ਨੂੰ ਇਨਾਮ/ਕੱਪ ਬਨਾਉਣ ਦੀ ਜਿੰਮੇਵਾਰੀ ਮੇਜ਼ਬਾਨ ਸੰਸਥਾ ਦੀ ਹੋਵੇਗੀ।

10. ਯੂਥ ਫੈਸਟੀਵਲ ਕਰਾਉਣ ਵਾਸਤੇ ਜੇ ਕਿਸੇ ਮੇਜਬਾਨ ਕਾਲਜ ਨੂੰ ਯੂਥ ਫੈਸਟੀਵਲ ਨਾਲ ਸੰਬਧਿਤ ਕੋਈ ਮੁਸ਼ਕਿਲ ਆਉਂਦੀ ਹੈ ਤਾ ਉਹ ਡੀਨ ਵਿਦਿਆਰਥੀ ਭਲਾਈ ਦੀ ਸੇਧ/ਸਲਾਹ ਲੈ ਸਕਦੇ ਹਨ।

ਮੀਟਿੰਗ ਵਿਚ ਇਹ ਵੀ ਦੱਸਿਆ ਗਿਆ ਕਿ AIU ਵਲੋਂ North Zone Inter University Youth Festival ਦਸੰਬਰ 20-24, 2019 ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ ਕਰਵਾਇਆ ਜਾ ਰਿਹਾ ਹੈ। ਸਾਰੇ ਹਾਜਰ ਮੈਬਰਾਂ ਨੇ ਵਿਸ਼ਵਾਸ ਦਿਵਾਇਆ ਕਿ ਇਸ ਫੈਸਟੀਵਲ ਨੂੰ ਸਫਲਤਾਪੂਰਵਕ ਚਲਾਉਣ ਲਈ ਹਰ ਤਰ੍ਹਾ ਦਾ ਸਹਿਯੋਗ ਯੂਨੀਵਰਸਿਟੀ ਨੂੰ ਦੇਣਗੇ।

ਧੰਨਵਾਦ ਦੇ ਮੱਤੇ ਨਾਲ ਇੱਕਤਰਤਾ ਦੀ ਸਮਾਪਤੀ ਹੋਈ।

ਡੀਨ ਵਿਦਿਆਰਥੀ ਭਲਾਈ